# ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ

## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

---

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.),
ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ),
ਪੰਜਾਬ।

ਮੀਮੋ ਨੰ: ਸਸਅ/ਐਮਸੀ/2013/ 15868-70
ਮਿਤੀ : 26-09-2013

**ਵਿਸ਼ਾ:-** ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕ-ਮਾਪੇ ਮਿਲਣੀ ਅਤੇ ਸਕੂਲ ਪ੍ਰਬੰਧਕ ਕਮੇਟੀਆਂ ਦੀ ਮੀਟਿੰਗ ਮਿਤੀ 30.09.2013 ਨੂੰ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੀ ਖੇਚਲ ਕੀਤੀ ਜਾਵੇ।

2.0 ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਮਿਤੀ 13 ਸਤੰਬਰ, 2013 ਤੋਂ 25 ਸਤੰਬਰ, 2013 ਤੱਕ ਬੱਚਿਆਂ ਦੀ ਪੜ੍ਹਾਈ ਦਾ ਲਿਖਤੀ ਮੁਲਾਂਕਣ ਕੀਤਾ ਜਾ ਰਿਹਾ ਹੈ। ਇਸ ਮੁਲਾਂਕਣ ਵਿੱਚ ਬੱਚਿਆਂ ਦੀ ਸਮੁੱਚੀ ਕਾਰਗੁਜ਼ਾਰੀ ਬਾਰੇ ਉਨ੍ਹਾਂ ਦੇ ਮਾਪਿਆਂ ਨੂੰ ਜਾਣੂ ਕਰਵਾਉਣ ਹਿੱਤ ਮਿਤੀ 30 ਸਤੰਬਰ, 2013 ਦਿਨ ਸੋਮਵਾਰ ਨੂੰ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਅਧਿਆਪਕ-ਮਾਪੇ ਮਿਲਣੀ ਰੱਖੀ ਗਈ ਹੈ। ਇਸ ਮਿਲਣੀ ਦੌਰਾਨ ਸਕੂਲ ਪ੍ਰਬੰਧਕ ਕਮੇਟੀਆਂ ਦੇ ਸਮੂਹ ਮੈਂਬਰ ਵੀ ਸਕੂਲਾਂ ਵਿੱਚ ਹਾਜ਼ਰ ਹੋਣਗੇ। ਬੱਚਿਆਂ ਦੀ ਮੁਲਾਂਕਣ ਸਮੇਂ ਕਾਰਗੁਜ਼ਾਰੀ ਬਾਰੇ ਅਧਿਆਪਕ ਅਤੇ ਮਾਪੇ ਆਪਸ ਵਿੱਚ ਵਿਚਾਰ-ਵਟਾਂਦਰਾ ਕਰਨਗੇ। ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਅਤੇ ਸਕੂਲ ਮੁੱਖੀ, ਆਪਣੇ-ਆਪਣੇ ਸਕੂਲਾਂ ਦੀ ਕਾਰਗੁਜ਼ਾਰੀ ਹੋਰ ਬਿਹਤਰ ਬਨਾਉਣ ਲਈ ਵਿਚਾਰ ਵਟਾਂਦਰਾਂ ਕਰਨਗੇ।

3.0 ਇਹ ਮਿਲਣੀ ਦਿਨੇ 9:00 ਵਜੇ ਤੋਂ 12:00 ਵਜੇ ਤੱਕ ਹੋਵੇਗੀ। ਇਸ ਮੀਟਿੰਗ ਨੂੰ ਸੁਚਾਰੂ ਢੰਗ ਨਾਲ ਸਿਰੇ ਚਾੜ੍ਹਨ ਲਈ ਅਧਿਆਪਕ -ਮਾਪੇ ਮਿਲਣੀ ਲਈ ਆ ਰਹੇ ਹਰ ਮਾਪੇ ਨੂੰ ਅਧਿਆਪਕ ਦੁਆਰਾ ਵਿਦਿਆਰਥੀ ਦੀ ਕਾਰਗੁਜ਼ਾਰੀ ਦੱਸਣ ਦਾ ਉਚਿਤ ਸਮਾਂ ਮਿਲ ਸਕੇ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਕੂਲ ਮੁੱਖੀ ਆਪਣੇ ਸਕੂਲ ਵਿੱਚ ਪੜ੍ਹਦੇ ਜਮਾਤ ਵਾਈਜ਼ ਵਿਦਿਆਰਥੀਆਂ ਦੀ ਗਿਣਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਬੱਚਿਆਂ ਨੂੰ ਆਪਣੇ ਮਾਪਿਆਂ ਸਮੇਤ ਸਕੂਲ ਵਿੱਚ ਆਉਣ ਲਈ ਉਸ ਦਿਨ ਵੱਖ-ਵੱਖ ਸਮਾਂ ਨਿਰਧਾਰਿਤ ਕਰਨ। ਮਿਸਾਲ ਦੇ ਤੌਰ ਤੇ ਹੇਠ ਲਿਖੇ ਅਨੁਸਾਰ ਸਮਾਂ ਰੱਖਿਆ ਜਾ ਸਕਦਾ ਹੈ:-

| ਸਮਾਂ | ਹਰੇਕ ਜਮਾਤ ਦੇ ਕੁੱਲ ਵਿਦਿਆਰਥੀ ਦੀ ਗਿਣਤੀ 30 ਮੰਨਦੇ ਹੋਏ | | | | | | |
|---|---|---|---|---|---|---|---|
| | ਚੌਥੀ | ਪੰਜਵੀਂ | ਛੇਵੀਂ | ਸਤੱਵੀਂ | ਅਠੱਵੀਂ | ਨੌਵੀਂ | ਗਿਆਰਵੀਂ |
| ਸਵੇਰੇ 9:00-10:00 ਵਜੇ ਤੱਕ | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 |
| ਸਵੇਰੇ10:00-11:00 ਵਜੇ ਤੱਕ | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 |

ਜਮਾਤ ਇੰਚਾਰਜ ਇਸ ਬਾਰੇ ਵਿਦਿਆਰਥੀਆਂ ਨੂੰ ਸੂਚਿਤ ਕਰੇ ਕਿ ਵਿਦਿਆਰਥੀ ਆਪਣੇ ਮਾਪਿਆਂ ਨੂੰ ਦੱਸੇ ਗਏ ਸਮੇਂ ਮੁਤਾਬਿਕ ਸਕੂਲ ਵਿੱਚ ਲੈ ਕੇ ਪਹੁੰਚਣ।

4.0 ਇਸ ਮਿਲਣੀ ਬਾਰੇ ਪੂਰਨ ਰੂਪ ਵਿੱਚ ਮਾਪਿਆਂ ਤੱਕ ਸੂਚਨਾ ਪਹੁੰਚਾਉਣ ਲਈ ਸਕੂਲ ਮੁੱਖੀ ਪਿੰਡ ਦੇ ਗੁਰੂਦੁਆਰੇ ਤੋਂ ਲਾਊਡ ਸਪੀਕਰ ਰਾਹੀਂ ਵੀ ਸੂਚਿਤ ਕਰ ਸਕਦਾ ਹੈ।

5.0 ਇਸ ਮਾਪੇ - ਅਧਿਆਪਕ ਮਿਲਣੀ ਨੂੰ ਪੂਰਨ ਰੂਪ ਵਿੱਚ ਸਿਰੇ ਚੜ੍ਹਾਉਣ ਅਤੇ ਇਸ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੇ ਮਾਪਿਆਂ ਨੂੰ ਸ਼ਾਮਿਲ ਕਰਵਾਉਣ ਲਈ ਸਮੂਹ ਇੰਸਪੈਕਸ਼ਨ ਟੀਮਾਂ, ਸਮੂਹ ਡੀ.ਆਰ.ਪੀ.(ਵਿਸ਼ਾ ਵਿਸ਼ੇਸ਼), ਬੀ.ਆਰ.ਪੀ. (ਵਿਸ਼ਾ-ਵਿਸ਼ੇਸ਼) ਆਪਣੀ ਨਾਰਮਲ ਡਿਊਟੀ ਤੋਂ ਇਲਾਵਾ ਵਿਜ਼ਿਟ ਕੀਤੇ ਜਾ ਰਹੇ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਮਿਤੀ 30 ਸਤੰਬਰ, 2013 ਨੂੰ ਆਪਣੇ ਮਾਪਿਆਂ ਨੂੰ ਸਕੂਲ ਵਿੱਚ ਲਿਆਉਣ ਲਈ ਪ੍ਰੇਰਣ ਦਾ ਕੰਮ ਵੀ ਕਰਨਗੇ। ਇਸ ਤੋਂ ਇਲਾਵਾ ਮਿਤੀ 30 ਸਤੰਬਰ, 2013 ਨੂੰ ਅਧਿਆਪਕ ਮਿਲਣੀ ਵਾਲੇ ਦਿਨ ਵਿਜ਼ਿਟ ਕੀਤੇ ਜਾ ਰਹੇ ਸਕੂਲਾਂ ਵਿੱਚ ਅਧਿਆਪਕ- ਮਾਪੇ ਮਿਲਣੀ ਨੂੰ ਸਿਰੇ ਚੜ੍ਹਾਉਣ ਲਈ ਸਕੂਲ ਮੁਖੀਆਂ ਦਾ ਸਹਿਯੋਗ ਦੇਣਗੇ ਅਤੇ ਵਿਜ਼ਿਟ ਦੌਰਾਨ ਸਕੂਲਾਂ ਵਿੱਚ ਸਿਰਫ ਤੇ ਸਿਰਫ ਬਤੌਰ ਆਬਜ਼ਰਬਰ ਵਜੋਂ ਕੰਮ ਕਰਣਗੇ।

6.0 ਇਸ ਤੋਂ ਇਲਾਵਾ ਮਿਤੀ 30 ਸਤੰਬਰ, 2013 ਨੂੰ ਰਾਜ ਦੇ ਸਮੂਹ ਮੰਡਲ ਸਿੱਖਿਆ ਅਫ਼ਸਰ, ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), (ਐ.ਸਿ.) ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), (ਐ.ਸਿ.) ਪ੍ਰਿੰਸੀਪਲ, ਸਰਕਾਰੀ ਇੰਨਸਰਵਿਸ ਟ੍ਰੇਨਿੰਗ ਸੈਂਟਰ, ਪ੍ਰਿੰਸੀਪਲ, ਜ਼ਿਲ੍ਹਾ ਸਿਖਲਾਈ ਅਤੇ ਟ੍ਰੇਨਿੰਗ ਸੰਸਥਾਂ ਅਤੇ ਬਲਾਕ ਸਿੱਖਿਆ ਅਧਿਕਾਰੀ ਆਪਣੇ - ਆਪਣੇ ਅਧੀਨ ਪੈਂਦੇ ਸਕੂਲਾਂ ਵਿੱਚ ਜਾਣਗੇ ਅਤੇ ਯਕੀਨੀ ਬਣਾਉਣਗੇ ਕਿ ਅਧਿਆਪਕ ਮਾਪੇ ਮਿਲਣੀ ਠੀਕ-ਠਾਕ ਚੱਲ ਰਹੀ ਹੈ ।

7.0 ਇਸ ਦਿਨ ਮੁੱਖ ਦਫ਼ਤਰ ਤੋਂ ਡੀ.ਪੀ.ਆਈ. (ਸੈ.ਸਿ.), ਡੀ.ਪੀ.ਆਈ. (ਐ.ਸਿ.) ਅਤੇ ਉਹਨਾਂ ਦੇ ਦਫ਼ਤਰ ਦੇ ਸਮੂਹ ਅਧਿਕਾਰੀ ਅਤੇ ਡੀ.ਜੀ.ਐਸ.ਈ. ਦਫ਼ਤਰ ਦੇ ਸਮੂਹ ਅਧਿਕਾਰੀ ਸਕੂਲਾਂ ਦੀ ਵਿਜ਼ਿਟ ਕਰਨਗੇ ਅਤੇ ਦੇਖਣਗੇ ਕਿ ਮਾਪੇ-ਅਧਿਆਪਕ ਮਿਲਣੀ ਦਾ ਕੰਮ ਠੀਕ-ਠਾਕ ਚੱਲ ਰਿਹਾ ਹੈ।

8.0 ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਅੰਜਲੀ ਭਾਵੜਾ, ਆਈ.ਏ.ਐਸ.
ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਅਜੀਤਗੜ੍ਹ

ਪਿੱਠ ਅੰਕਣ ਨੰ: ਸਸਅ/ਐਮਸੀ/2013/ 15871-72 ਮਿਤੀ: 26-09-2013

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ।

1. ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਨੂੰ ਆਪਣੇ ਅਧੀਨ ਡਿਊਟੀ ਨਿਭਾ ਰਹੇ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ ਸਾਹਿਬਾਨ ਅਧੀਨ ਪੈਂਦੇ ਸਕੂਲਾਂ ਵਿੱਚ ਵੀ ਇਹ ਮਾਪੇ-ਅਧਿਆਪਕ ਮਿਲਣੀ ਕਰਵਾਉਣ ਹਿੱਤ, ਹਦਾਇਤਾਂ ਜਾਰੀ ਕਰਨ ਅਤੇ ਇਹਨਾਂ ਮਿਲਣੀਆਂ ਦੀ ਨਿਗਰਾਨੀ ਕਰਨ।
2. ਡੀ.ਪੀ.ਆਈ. (ਸੈ.ਸਿ.) ਅਤੇ ਡੀ.ਪੀ.ਆਈ. (ਐ.ਸਿ.) ਨੂੰ ਇਸ ਬੇਨਤੀ ਨਾਲ ਕਿ ਇਹਨਾਂ ਮੀਟਿੰਗਾਂ ਵਾਲੇ ਦਿਨ ਸਕੂਲਾਂ ਦਾ ਦੌਰਾ ਕੀਤਾ ਜਾਵੇ ਅਤੇ ਆਪਣੇ ਅਧੀਨ ਅਧਿਕਾਰੀਆਂ ਦੀਆਂ ਵੱਖ-ਵੱਖ ਖੇਤਰਾਂ ਵਿੱਚ ਦੌਰੇ ਕਰਨ ਦੀ ਡਿਊਟੀ ਲਗਾਈ ਜਾਵੇ।

ਅੰਜਲੀ ਭਾਵੜਾ , ਆਈ.ਏ.ਐਸ.
ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਅਜੀਤਗੜ੍ਹ